सत्यमेव जयते
Goverment Of India

PMFME
सूक्ष्म उद्यमों का संबल

# ਆਤਮ-ਨਿਰਭਰ ਭਾਰਤ ਅਭਿਆਨ

## ਪ੍ਰਧਾਨ ਮੰਤਰੀ ਲਘੂ ਅਤੇ ਛੋਟੀਆਂ ਫੂਡ ਪ੍ਰੋਸੈਸਿੰਗ ਇਕਾਈਆਂ ਨੂੰ ਪ੍ਰਫੁਲਿਤ ਕਰਨ ਦੀ ਯੋਜਨਾ (ਪੀ.ਐਮ.ਐਫ.ਐਮ.ਈ.)

### ਵੋਕਲ ਫਾਰ ਲੋਕਲ

MOFPI
MINISTRY OF FOOD PROCESSING INDUSTRIES
GOVERNMENT OF INDIA

ਫੂਡ ਪ੍ਰੋਸੈਸਿੰਗ ਉਦਯੋਗ ਮੰਤਰਾਲਾ,
ਭਾਰਤ ਸਰਕਾਰ

GOVT. OF PUNJAB

ਫੂਡ ਪ੍ਰੋਸੈਸਿੰਗ ਵਿਭਾਗ, ਪੰਜਾਬ
ਸਟੇਟ ਨੋਡਲ ਵਿਭਾਗ

PUNJAB AGRO

ਪੰਜਾਬ ਐਗਰੋ
ਸਟੇਟ ਨੋਡਲ ਏਜੰਸੀ

## ਭੂਮਿਕਾ

ਪੰਜਾਬ ਵਿੱਚ ਲਗਭਗ 66,000 ਲਘੂ ਅਤੇ ਛੋਟੀਆਂ ਫੂਡ ਪ੍ਰੋਸੈਸਿੰਗ ਇਕਾਈਆਂ ਹਨ। ਇਹਨਾ ਵਿੱਚੋਂ ਦੋ ਤਿਹਾਈ ਇਕਾਈਆਂ ਪਿੰਡਾਂ ਵਿੱਚ ਸਥਿਤ ਹਨ। ਇਹਨਾਂ ਇਕਾਈਆਂ ਵੱਲੋਂ ਗੁੜ, ਆਟਾ ਚੱਕੀ, ਚਾਵਲਾਂ ਦਾ ਸ਼ੈਲਰ, ਸਰੋਂ ਦਾ ਤੇਲ, ਬਿਸਕੁਟ, ਸ਼ਹਿਦ, ਅਚਾਰ, ਮੁਰੱਬਾ ਅਤੇ ਪਸ਼ੂ ਖੁਰਾਕ ਆਦਿ ਦਾ ਕੰਮ ਕੀਤਾ ਜਾਂਦਾ ਹੈ। ਭਾਰਤ ਸਰਕਾਰ ਦੇ MSME ਮੰਤਰਾਲੇ ਦੇ ਮੁਤਾਬਿਕ ਜ਼ਿਆਦਾਤਰ ਇਹ ਇਕਾਈਆਂ ਮਾਈਕਰੋ ਕੈਟਾਗਰੀ* ਵਿੱਚ ਆਉਂਦੀਆਂ ਹਨ। ਇਹਨਾਂ ਮਾਈਕਰੋ ਕੈਟਾਗਰੀ ਦੀਆਂ ਇਕਾਈਆਂ ਦੇ ਵਿਸਥਾਰ ਲਈ ਉਦਮੀਆਂ ਨੂੰ ਵੱਖ-ਵੱਖ ਚਣੌਤੀਆਂ ਜਿਵੇਂ ਆਧੁਨਿਕ ਤਕਨੀਕ ਦੀ ਘਾਟ, ਲੋਨ ਲੈਣ ਵਿੱਚ ਮੁਸ਼ਕਿਲਾਂ, ਉਤਪਾਦਾਂ ਸਬੰਧੀ ਜਾਗਰੂਕਤਾ, ਬ੍ਰੈਂਡਿੰਗ ਅਤੇ ਮੰਡੀਕਰਨ ਦੀ ਕਮੀ ਆਦਿ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹਨਾਂ ਅਸੰਗਠਿਤ ਇਕਾਈਆਂ ਨੂੰ ਪ੍ਰਫੁਲਿਤ ਕਰਨ ਲਈ ਪੀ.ਐਮ.ਐਫ.ਐਮ.ਈ ਯੋਜਨਾ ਜੂਨ 2020 ਤੋਂ ਸ਼ੁਰੂ ਕੀਤੀ ਗਈ ਹੈ ਜਿਸਦੇ ਤਹਿਤ ਉਦਮੀਆਂ ਨੂੰ ਵਿੱਤੀ, ਤਕਨੀਕੀ ਅਤੇ ਵਪਾਰਕ ਸਹਾਇਤਾ ਦਿੱਤੀ ਜਾਂਦੀ ਹੈ। ਯੋਜਨਾ ਦੇ ਮੁੱਖ ਉਦੇਸ਼ ਹੇਠ ਅਨੁਸਾਰ ਹਨ:

- ਸਸਤੇ ਦਰ ਤੇ ਬੈਂਕ ਲੋਨ ਦੀ ਸੁਵਿਧਾ।
- ਉਦਪਾਦਾਂ ਦੇ ਮੰਡੀਕਰਨ ਲਈ ਸਪਲਾਈ ਚੇਨ ਵਾਲੀਆਂ ਕੰਪਨੀਆਂ ਨਾਲ ਸੰਪਰਕ।
- ਮੁਫਤ ਤਕਨੀਕੀ ਅਤੇ ਵਪਾਰਕ ਸਿਖਲਾਈ।
- FSSAI, GST ਅਤੇ Udyam ਆਦਿ ਰਜਿਸਟ੍ਰੇਸ਼ਨ ਕਰਵਾਉਣ ਵਿੱਚ ਮੱਦਦ।
- ਸਾਂਝਾ ਪ੍ਰੋਸੈਸਿੰਗ/ ਸਟੋਰੇਜ/ ਪੈਕਿੰਗ ਦੇ ਬੁਨਿਆਦੀ ਢਾਂਚੇ ਸਥਾਪਿਤ ਕਰਨ ਵਿੱਚ ਵਿੱਤੀ ਮੱਦਦ।

(*ਮਾਈਕਰੋ ਇਕਾਈਆਂ ਉਹ ਇਕਾਈਆਂ ਹਨ ਜਿਹਨਾਂ ਦਾ ਨਵੀਨੀਕਰਣ ਜਾਂ ਨਵੀਂ ਇਕਾਈ ਸਥਾਪਿਤ ਕਰਨ ਵਿੱਚ ਪਲਾਟ ਅਤੇ ਮਸ਼ੀਨਰੀ ਜਾਂ Equipment ਦੀ ਲਾਗਤ 1 ਕਰੋੜ ਰੁਪਏ ਤੋਂ ਘੱਟ ਹੋਵੇ ਅਤੇ ਪਿਛਲੇ ਸਾਲ ਦੀ Sales Turnover 5 ਕਰੋੜ ਰੁਪਏ ਤੋਂ ਘੱਟ ਹੋਵੇ)

## ਬਜਟ ਅਤੇ ਟੀਚੇ

ਯੋਜਨਾ ਦਾ ਬਜਟ 306 ਕਰੋੜ ਰੁਪਏ ਹੈ ਜੋ ਕਿ ਪੰਜਾਂ ਸਾਲਾਂ (2020-21ਤੋਂ 2024-25) ਵਿੱਚ ਖਰਚਿਆ ਜਾਣਾ ਹੈ। ਇਸ ਵਿੱਚ ਭਾਰਤ ਅਤੇ ਰਾਜ ਸਰਕਾਰ ਦਾ ਹਿੱਸਾ 60:40 ਅਨੁਪਾਤ ਵਿੱਚ ਹੈ। ਇਹਨਾਂ ਪੰਜਾਂ ਸਾਲਾ ਵਿੱਚ 7,373 ਫੂਡ ਪ੍ਰੋਸੈਸਿੰਗ ਇਕਾਈਆਂ (ਮੌਜੂਦਾ/ ਨਵੀਂਆਂ) ਨੂੰ ਵਿੱਤੀ ਸਹਾਇਤਾ ਦੇਣ ਦਾ ਟੀਚਾ ਹੈ। ਸਾਂਝੇ ਬੁਨਿਆਦੀ ਢਾਂਚੇ ਸਥਾਪਿਤ ਕਰਨ ਵਿੱਚ ਮੱਦਦ, ਉਦਪਾਦਾਂ ਦੀ ਸਾਂਝੀ ਬ੍ਰੈਂਡਿੰਗ/ ਮੰਡੀਕਰਨ ਅਤੇ ਲਾਭਪਾਤਰੀਆਂ ਦੀ ਤਕਨੀਕੀ/ ਵਪਾਰਕ ਸਿਖਲਾਈ ਤੇ ਆਉਣ ਵਾਲਾ ਖਰਚਾ ਵੀ ਇਸ ਬਜਟ ਦਾ ਹੀ ਭਾਗ ਹੈ।

## ਇੱਕ ਜਿਲ੍ਹਾ-ਇੱਕ ਉਤਪਾਦ (ODOP)

ਇਹ ਸਕੀਮ ਇੱਕ ਜਿਲ੍ਹਾ ਇੱਕ ਉਤਪਾਦ (ਓਡੀਓਪੀ) ਤੇ ਅਧਾਰਿਤ ਹੈ, ਤਾਂ ਜੋ ਜਿਨਸਾਂ ਦੀ ਖਰੀਦ, ਮੌਜੂਦਾ ਸਾਂਝੇ ਬੁਨਿਆਦੀ ਢਾਂਚੇ ਦੀਆਂ ਸੇਵਾਵਾਂ ਅਤੇ ਉਤਪਾਦਾਂ ਦੇ ਇਕੱਠੇ ਮੰਡੀਕਰਨ ਵਿੱਚ ਲਾਭ ਮਿਲ ਸਕੇ। ਜਿਲ੍ਹੇ ਵਿੱਚ ਮੌਜੂਦਾ ਵਿਅਕਤੀਗਤ ਛੋਟੀਆਂ ਇਕਾਈਆਂ ਅਤੇ ਨਾਸ਼ਵਾਨ ਜਿਨਸਾਂ ਦੇ ਉਦਪਾਦਨ ਦੇ ਅਧਾਰ ਤੇ 'ਇੱਕ ਜਿਲ੍ਹਾ-ਇੱਕ ਉਤਪਾਦ' (ODOP) ਦੀ ਚੋਣ ਕੀਤੀ ਗਈ ਹੈ, ਜੋ ਕਿ ਭਾਰਤ ਸਰਕਾਰ ਦੇ ਫੂਡ ਪ੍ਰੋਸੈਸਿੰਗ ਮੰਤਰਾਲੇ ਵੱਲੋਂ ਪ੍ਰਵਾਨਿਤ ਹੈ।

## ODOP Map




# ਸਕੀਮ ਦੇ ਅਹਿਮ ਭਾਗ

## ਕ੍ਰੈਡਿਟ ਲਿੰਕਡ ਕੈਪੀਟਲ ਸਬਸਿਡੀ

### 1. ਵਿਅਕਤੀਗਤ ਇਕਾਈਆਂ


- **Eligibility**: ਵਿਅਕਤੀਗਤ ਉਦਮੀ, ਪ੍ਰੋਪਰਾਈਟਰਸ਼ਿਪ/ ਭਾਗੀਦਾਰ/ ਨਿੱਜੀ ਫਰਮਾਂ, ਕਿਸਾਨ ਉਤਪਾਦਕ ਸੰਸਥਾਵਾਂ/ ਕੰਪਨੀਆਂ, ਸਵੈ-ਸਹਾਇਤਾ ਸਮੂਹ ਅਤੇ ਉਹਨਾਂ ਦੀਆਂ ਫੈਡਰੇਸ਼ਨ, ਸਹਿਕਾਰੀ ਸੰਸਥਾਵਾਂ ਅਤੇ NGOs ਆਦਿ।
- **Subsidy:** ਪ੍ਰੋਜੈਕਟ ਦੀ ਲਾਗਤ ਦਾ 35% ਕ੍ਰੈਡਿਟ ਲਿੰਕਡ ਕੈਪੀਟਲ ਸਬਸਿਡੀ ਵਜੋਂ, ਵੱਧ ਤੋਂ ਵੱਧ 10 ਲੱਖ ਰੁਪਏ। (ਪ੍ਰੋਜੈਕਟ ਲਾਗਤ: ਪਲਾਂਟ & ਮਸ਼ੀਨਰੀ ਅਤੇ ਉਸਾਰੀ ਦਾ ਕੁੱਲ ਖਰਚਾ। ਉਸਾਰੀ ਦਾ ਖਰਚਾ ਪ੍ਰੋਜੈਕਟ ਦੀ ਲਾਗਤ ਦੇ 30% ਤੋਂ ਜ਼ਿਆਦਾ ਨਹੀਂ ਹੋਣਾ ਚਾਹੀਦਾ।)
- **Margin Money**: ਲਾਭਪਾਤਰੀ ਦੀ ਹਿੱਸਾ-ਪੂੰਜੀ ਪ੍ਰੋਜੈਕਟ ਦੀ ਲਾਗਤ ਦਾ ਘੱਟ ਤੋਂ ਘੱਟ 10% ਅਤੇ ਵੱਧ ਤੋਂ ਵੱਧ 40% ਹੋ ਸਕਦੀ ਹੈ। ਬਕਾਇਆ ਰਾਸ਼ੀ ਦਾ ਬੈਂਕ ਲੋਨ ਲੈਣਾ ਹੋਵੇਗਾ।
- **Age:** ਲਾਭਪਾਤਰੀ ਦੀ ਉਮਰ 18 ਸਾਲ ਤੋਂ ਜ਼ਿਆਦਾ ਹੋਣੀ ਚਾਹੀਦੀ ਹੈ।
- ਸਬਸਿਡੀ ਦਾ ਲਾਭ ਪਰਿਵਾਰ ਵਿੱਚੋਂ ਇੱਕ ਮੈਂਬਰ ਹੀ ਲੈ ਸਕਦਾ ਹੈ।
- ਯੋਜਨਾ ਤਹਿਤ ਜ਼ਿਲ੍ਹੇ ਵਿੱਚ ਚੁਣੇ ਗਏ ODOP ਅਤੇ Non-ODOP ਸਬੰਧੀ ਤਜਵੀਜ਼ਾਂ ਸਹਾਇਤਾ ਲੈਣ ਲਈ ਯੋਗ ਹਨ। ODOP ਤਜਵੀਜ਼ਾਂ ਨੂੰ ਤਰਜੀਹ ਦਿੱਤੀ ਜਾਵੇਗੀ।

- ਜੇਕਰ ਕਿਸੇ ਬਿਨੈਕਾਰ/ ਉਦਮੀ ਨੇ ਕਿਸੇ ਹੋਰ ਸਬਸਿਡੀ ਯੋਜਨਾ ਤਹਿਤ ਬੈਂਕ ਲੋਨ ਲਿਆ ਹੋਇਆ ਹੈ ਤਾਂ ਵੀ ਉਹ ਇਸ ਯੋਜਨਾ ਤਹਿਤ ਸਬਸਿਡੀ ਲਈ ਅਪਲਾਈ ਕਰ ਸਕਦਾ ਹੈ।
- ਲਾਭਪਾਤਰੀ ਇਸ ਯੋਜਨਾ ਦੇ ਨਾਲ ਦੂਜੀਆਂ ਕੇਂਦਰੀ ਪ੍ਰਯੋਜਿਤ ਯੋਜਨਾਵਾਂ ਦਾ ਲਾਭ ਵੀ ਲੈ ਸਕਦੇ ਹਨ।

## ਅਪਲਾਈ ਕਰਨ ਦੀ ਵਿਧੀ:

ਇਛੁੱਕ ਉਦਮੀ ਯੋਜਨਾ ਦਾ ਲਾਭ ਪ੍ਰਾਪਤ ਕਰਨ ਲਈ ਆਪਣੀ ਅਰਜੀ PMFME ਪੋਰਟਲ (pmfme.mofpi.gov.in) ਤੇ ਅਪਲਾਈ ਕਰ ਸਕਦੇ ਹਨ। ਅਰਜੀ ਭਰਨ ਵਿੱਚ ਮੱਦਦ ਲਈ ਪੰਜਾਬ ਐਗਰੋ ਵੱਲੋਂ ਜ਼ਿਲ੍ਹਾ ਸਰੋਤ ਵਿਅਕਤੀ ਨਾਮਜਦ ਕੀਤੇ ਹੋਏ ਹਨ, ਜਿਹਨਾਂ ਦਾ ਵੇਰਵਾ ਪੰਜਾਬ ਐਗਰੋ ਦੀ ਵੈਬਸਾਈਟ (pmfme.punjabagro.gov.in) ਤੇ ਦਰਜ ਹੈ। ਸਰੋਤ ਵਿਅਕਤੀਆਂ ਵੱਲੋਂ ਅਰਜੀ ਭਰਨ ਤੇ ਕੋਈ ਫੀਸ ਚਾਰਜ ਨਹੀਂ ਕੀਤੀ ਜਾਵੇਗੀ ਅਤੇ ਇਸ ਦੀ ਪੇਮੈਂਟ ਪੰਜਾਬ ਐਗਰੋਂ ਵੱਲੋਂ ਅਦਾ ਕੀਤੀ ਜਾਵੇਗੀ।

## Application Process Flow




## 2. ਗਰੁੱਪ/ ਸਮੂਹ

- **Eligibility:** ਕਿਸਾਨ ਉਤਪਾਦਕ ਸੰਸਥਾਵਾਂ/ ਕੰਪਨੀਆਂ (FPOs/ FPCs), ਸਵੈ-ਸਹਾਇਤਾ ਸਮੂਹ (SHGs)/ ਫੈਡਰੇਸ਼ਨਜ਼ (Federations), ਸਹਿਕਾਰੀ ਸੰਸਥਾਵਾਂ (Co-operatives Societies) ਅਤੇ ਸਰਕਾਰੀ ਏਜੰਸੀਆਂ ਜਿਹੜੀਆਂ ਆਪਣਾ ਫੂਡ ਪ੍ਰੋਸੈਸਿੰਗ ਯੂਨਿਟ ਆਮ ਬੁਨਿਆਦੀ ਢਾਂਚਾ/ ਵੈਲਿਊ ਚੇਨ ਜਿਵੇਂ ਛਾਂਟੀ/ ਗਰੇਡਿੰਗ, ਸਟੋਰੇਜ, ਪ੍ਰੋਸੈਸਿੰਗ, ਪੈਕਜਿੰਗ, ਮੰਡੀਕਰਨ, ਟੈਸਟਿੰਗ ਲੈਬੋਰੇਟਰੀਜ਼ ਅਤੇ ਇੰਨਕਊਬੇਸ਼ਨ ਸੈਂਟਰ ਆਦਿ ਸਥਾਪਿਤ ਕਰਨਾ ਚਾਹੁੰਦੀਆਂ ਹਨ।

- **Subsidy**: ਪ੍ਰੋਜੈਕਟ ਦੀ ਲਾਗਤ ਦਾ 35% ਕ੍ਰੈਡਿਟ ਲਿੰਕਡ ਕੈਪੀਟਲ ਸਬਸਿਡੀ ਵਜੋਂ, ਵੱਧ ਤੋਂ ਵੱਧ 3 ਕਰੋੜ ਰੁਪਏ। ਪ੍ਰੋਜੈਕਟ ਦੀ ਲਾਗਤ 10 ਕਰੋੜ ਰੁਪਏ ਤੋਂ ਵੱਧ ਨਹੀਂ ਹੋਣੀ ਚਾਹੀਦੀ।
  (ਪ੍ਰੋਜੈਕਟ ਲਾਗਤ: ਪਲਾਂਟ & ਮਸ਼ੀਨਰੀ ਅਤੇ ਉਸਾਰੀ ਦਾ ਕੁੱਲ ਖਰਚਾ । ਉਸਾਰੀ ਦਾ ਖਰਚਾ ਪ੍ਰੋਜੈਕਟ ਦੀ ਲਾਗਤ ਦੇ 30% ਤੋਂ ਜ਼ਿਆਦਾ ਨਹੀਂ ਹੋਣਾ ਚਾਹੀਦਾ।)
- **Margin Money:** ਲਾਭਪਾਤਰੀ ਦੀ ਹਿੱਸਾ-ਪੂੰਜੀ ਪ੍ਰੋਜੈਕਟ ਦੀ ਲਾਗਤ ਦਾ ਘੱਟ ਤੋਂ ਘੱਟ 10% ਅਤੇ ਵੱਧ ਤੋਂ ਵੱਧ 40% ਹੋ ਸਕਦੀ ਹੈ। ਬਕਾਇਆ ਰਾਸ਼ੀ ਦਾ ਬੈਂਕ ਲੋਨ ਲੈਣਾ ਹੋਵੇਗਾ।
- ਯੋਜਨਾ ਤਹਿਤ ODOP ਅਤੇ Non-ODOP ਤਜਵੀਜਾਂ ਸਬਸਿਡੀ ਲੈਣ ਲਈ ਯੋਗ ਹਨ। ODOP ਤਜਵੀਜ਼ਾਂ ਨੂੰ ਤਰਜੀਹ ਦਿੱਤੀ ਜਾਵੇਗੀ।
- ਪੋਰਟਲ ਦੇ ਅਪਲਾਈ ਕਰਨ ਤੋਂ ਪਹਿਲਾਂ ਬਿਨੈਕਾਰ ਨੂੰ ਬੈਂਕ ਤੋਂ ਲੋਨ ਸਬੰਧੀ ਸਿਧਾਂਤਕ ਪ੍ਰਵਾਨਗੀ (in-principle approval) ਲੈਣੀ ਜ਼ਰੂਰੀ ਹੈ।
- ਯੋਜਨਾ ਤਹਿਤ ਬਿਨੈਕਾਰ ਨੂੰ ਤਜਵੀਜਤ ਪ੍ਰੋਜੈਕਟ ਦੀ ਡੀ.ਪੀ.ਆਰ (detailed project report) ਤਿਆਰ ਕਰਵਾਉਣ ਲਈ ਵੱਧ ਤੋਂ ਵੱਧ 50,000/- ਰੁਪਏ ਦੀ ਵਿੱਤੀ ਸਹਾਇਤਾ ਬੈਂਕ ਲੋਨ ਸੈਂਕਸ਼ਨ ਹੋਣ ਤੋਂ ਬਾਅਦ ਦਿੱਤੀ ਜਾਵੇਗੀ।

**ਅਪਲਾਈ ਕਰਨ ਦੀ ਵਿਧੀ:** ਬਿਨੈਕਾਰ ਆਪਣੀ ਅਰਜੀ, ਸਮੇਤ ਡੀ.ਪੀ.ਆਰ. ਅਤੇ ਬੈਂਕ ਦੀ ਸਿਧਾਂਤਕ ਪ੍ਰਵਾਨਗੀ, ਨੂੰ PMFME ਪੋਰਟਲ (pmfme.mofpi.gov.in) ਤੇ ਅਪਲਾਈ ਕਰ ਸਕਦੇ ਹਨ।

## Application Process Flow (4 stages)

01 | 02 | 03 | 04



**01** Submission of application along with DPR & In-principle approval

**02** Assesment by DRP

**03** SNA approval

**04** Bank appraisal & approval

## 3. ਆਰੰਭਿਕ ਪੂੰਜੀ

ਸਕੀਮ ਤਹਿਤ ਸਵੈ ਸਹਾਇਤਾ ਸਮੂਹ (SHGs) ਦੇ ਮੈਬਰਾਂ ਨੂੰ ਕਾਰਜਸ਼ੀਲ ਪੂੰਜੀ (working capital) ਅਤੇ ਛੋਟੇ ਸੰਦਾਂ (small tools) ਨੂੰ ਖਰੀਦਣ ਲਈ ਵੱਧ ਤੋਂ ਵੱਧ 40,000/- ਰੁਪਏ ਪ੍ਰਤੀ ਮੈਂਬਰ ਆਰੰਭਿਕ ਪੂੰਜੀ (seed capital) ਵਜੋਂ ਦਿੱਤੇ ਜਾਂਦੇ ਹਨ। ਗ੍ਰਾਂਟ ਦੇ ਰੂਪ ਵਿੱਚ ਦਿੱਤੀ ਜਾਣ ਵਾਲੀ ਇਹ ਆਰੰਭਿਕ ਪੂੰਜੀ ਸਵੈ ਸਹਾਇਤਾ ਸਮੂਹ ਦੀ ਫੈਡਰੇਸ਼ਨ ਨੂੰ ਦਿੱਤੀ ਜਾਂਦੀ ਹੈ ਅਤੇ ਫੈਡਰੇਸ਼ਨ ਵੱਲੋਂ ਇਹ ਪੂੰਜੀ ਸਵੈ ਸਹਾਇਤਾ ਸਮੂਹ ਨੂੰ ਅਤੇ ਸਮੂਹ ਵੱਲੋਂ ਮੈਂਬਰਾ ਨੂੰ ਸਸਤੇ ਦਰ ਦੇ ਲੋਨ ਦੇ ਰੂਪ ਵਿੱਚ ਦਿੱਤੀ ਜਾਂਦੀ ਹੈ। ਮੈਂਬਰਾਂ ਵੱਲੋਂ ਵਾਪਿਸ ਕੀਤਾ ਗਿਆ ਲੋਨ ਸਵੈ ਸਹਾਇਤਾ ਸਮੂਹ ਕੋਲ ਜਮ੍ਹਾਂ (corpus) ਰਹਿੰਦਾ ਹੈ, ਜੋ ਕਿ ਲੋੜ ਅਨੁਸਾਰ ਮੈਂਬਰਾਂ ਨੂੰ ਦਿੱਤਾ ਜਾਂਦਾ ਹੈ।

**Eligibility:** ਸਵੈ ਸਹਾਇਤਾ ਸਮੂਹ/ ਸਮੂਹਾਂ ਦੇ ਵਿਅਕਤੀਗਤ ਮੈਂਬਰ/ Activity ਸਮੂਹ (ਵੱਖ-ਵੱਖ ਸਮੂਹਾਂ ਦੇ ਮੈਂਬਰਾਂ ਵੱਲੋਂ ਬਣਾਇਆ ਗਿਆ activity ਅਧਾਰਿਤ ਸਾਂਝਾ ਸਮੂਹ) ਜਿਹੜੇ ਪੰਜਾਬ ਸਟੇਟ ਰੂਰਲ ਲਾਈਵਲੀਹੁੱਡ ਮਿਸ਼ਨ (Punjab State Rural Livelihood Mission) ਜਾਂ ਸਟੇਟ ਅਰਬਨ ਲਾਈਵਲੀਹੁੱਡ ਮਿਸ਼ਨ (State Urban Livelihood Mission) ਨਾਲ ਰਜਿਸਟਰਡ ਹਨ ਅਤੇ ਪਿਛਲੇ ਇੱਕ ਸਾਲ ਤੋਂ ਫੂਡ ਪ੍ਰੋਸੈਸਿੰਗ ਦਾ ਕੰਮ ਕਰ ਰਹੇ ਹਨ।

## ਅਪਲਾਈ ਕਰਨ ਦੀ ਵਿਧੀ:

ਸਟੇਟ ਅਰਬਨ ਲਾਈਵਲੀਹੁੱਡ ਮਿਸ਼ਨ ਅਤੇ ਪੰਜਾਬ ਸਟੇਟ ਰੂਰਲ ਲਾਈਵਲੀਹੁੱਡ ਮਿਸ਼ਨ ਦੇ ਸਵੈ ਸਹਾਇਤਾ ਸਮੂਹ ਦੇ ਮੈਂਬਰਾਂ ਦੀ ਨਿਰਧਾਰਿਤ ਪ੍ਰੋਫਾਰਮਿਆਂ ਵਿੱਚ ਭਰੀ ਅਰਜੀ (ਹਾਰਡ ਕਾਪੀ) ਤੇ ਕਾਰਵਾਈ ਕਰਨ ਉਪਰੰਤ ਆਰਭਿੰਕ ਪੂੰਜੀ ਪ੍ਰਵਾਨ ਕੀਤੀ ਜਾਵੇਗੀ।

(ਨਿਰਧਾਰਿਤ ਪ੍ਰੋਫਾਰਮੇ ਪੰਜਾਬ ਐਗਰੋ ਦੀ ਵੈਬਸਾਈਟ www.pmfme.punjabagro.gov.in ਤੋਂ ਡਾਊਨਲੋਡ ਕੀਤੇ ਜਾ ਸਕਦੇ ਹਨ।)

**ਫੂਡ ਪ੍ਰੋਸੈਸਿੰਗ ਦੀਆਂ ਉਹ ਗਤੀਵਿਧੀਆਂ ਜਿਹਨਾਂ ਨੂੰ ਸਕੀਮ ਦਾ ਲਾਭ ਨਹੀਂ ਦਿੱਤਾ ਜਾ ਸਕਦਾ, ਦਾ ਵੇਰਵਾ ਹੇਠ ਅਨੁਸਾਰ ਹੈ:**

- Trading and selling of unprocessed millets/cereals/ spices/ fruits & vegetables/ unprocessed minor forest product/fresh fish/meat/chicken etc.
- Unprocessed or loose milk (selling of milk/curd).
- Bee keeping/ loose selling of honey.
- Trading & selling of groundnut, Arecanut (Exception: Any proposal for export variety would be reviewed on case to case basis. State Government to take prior approval from MoFPI for such cases)
- Poultry, Piggery, Goatry or any other rearing activity of animals
- Repacking of manufactured products.
- Canteen, grocery, hotel, tiffin services, restaurants or any other food service enterprises.

## 4. ਬ੍ਰੈਂਡਿੰਗ ਅਤੇ ਮੰਡੀਕਰਨ ਸਹਾਇਤਾ

- ਸਕੀਮ ਤਹਿਤ ਐਫ.ਪੀ.ਓ./ ਐਸ.ਐਚ.ਜੀ./ ਸਹਿਕਾਰੀ ਸੰਸਥਾਵਾਂ ਜਾਂ ਛੋਟੀਆਂ ਇਕਾਈਆਂ ਵੱਲੋਂ ਮਿਲਕੇ ਬਣਾਈ ਗਈ Special Purpose Vehicle (SPV) ਨੂੰ ਸਾਂਝਾ ਬ੍ਰੈਂਡ, ਪੈਕਜਿੰਗ ਅਤੇ ਫੂਡ ਪ੍ਰੋਡਕਟ ਦੀ standardization ਕਰਨ ਲਈ ਕੁੱਲ ਲਾਗਤ ਤੇ 50% ਸਬਸਿਡੀ ਦਿੱਤੀ ਜਾਂਦੀ ਹੈ।
- ਬ੍ਰੈਂਡਿੰਗ ਅਤੇ ਮਾਰਕੀਟਿੰਗ ਦੀ ਸਹਾਇਤਾ ਸੂਬੇ ਦੇ ਚੁਣੇ ODOP ਸਬੰਧਤ ਫੂਡ ਪ੍ਰੋਡਕਟ ਤੇ ਹੈ। ਸਰਕਾਰੀ ਏਜੰਸੀਆਂ ਨੂੰ ਇਹ ਸਹਾਇਤਾ Non-ODOP ਫੂਡ ਉਦਪਾਦਾਂ ਅਤੇ ਜਿਹਨਾਂ ਉਤਪਾਦਾਂ ਤੇ GI Tag ਲਿਆ ਹੋਇਆ ਹੈ, ਤੇ ਵੀ ਉਪਲਬੱਧ ਹੈ।
- ਨਿੱਜੀ ਕੰਪਨੀਆਂ ਨੂੰ ਇੱਕ ਤੋਂ ਜ਼ਿਆਦਾ ODOP ਸਬੰਧਤ ਉਤਪਾਦਾਂ ਤੇ ਵੀ ਸਹਾਇਤਾ ਉਪਲਬੱਧ ਹੈ।
- ਇਹ ਸਹਾਇਤਾ ਉਤਪਾਦਾਂ ਦੇ ਰਿਟੇਲ ਆਊਟਲੈਟ ਖੋਲਣ ਤੇ ਨਹੀਂ ਦਿੱਤੀ ਜਾਂਦੀ।
- ਬਿਨੈਕਾਰ ਵੱਲੋਂ ਉਤਪਾਦਾਂ ਦੀ ਮਾਰਕਟਿੰਗ ਰਿਟੇਲ ਪੈਕ ਵਿੱਚ ਹੀ ਕੀਤੀ ਜਾ ਸਕਦੀ ਹੈ।
- ਬਿਨੈਕਾਰ ਦਾ ਬ੍ਰੈਂਡਿੰਗ ਅਤੇ ਮਾਰਕਟਿੰਗ ਸਬੰਧੀ ਤਜਰਬਾ ਆਦਿ ਘੋਖਣ ਉਪਰੰਤ ਹੀ ਤਜਵੀਜ ਪ੍ਰਵਾਨ ਕੀਤੀ ਜਾਵੇਗੀ।
- ਇਛੁੱਕ ਬਿਨੈਕਾਰ ਆਪਣੀ ਤਜਵੀਜ ਤਿਆਰ ਕਰਵਾਉਣ ਲਈ ਪੰਜਾਬ ਐਗਰੋ ਨਾਲ ਸੰਪਰਕ ਕਰ ਸਕਦੇ ਹਨ। ਬਿਨੈਕਾਰ ਨੂੰ ਇਹ ਸਹੂਲਤ ਬਿਨਾ ਕਿਸੇ ਫੀਸ ਤੋਂ ਹੈ।

## 5. ਤਕਨੀਕੀ ਅਤੇ ਵਪਾਰਕ ਸਿਖਲਾਈ

- ਸਕੀਮ ਤਹਿਤ ਜਿਲ੍ਹਾ ਪੱਧਰ ਤੇ ਮਾਹਿਰਾਂ ਵੱਲੋਂ ਲਾਭਪਾਤਰੀਆਂ ਨੂੰ ਮੁਫਤ Entrepreneurship Development Program ਅਤੇ Food Processing ਸਬੰਧੀ ਸਿਖਲਾਈ ਦਿੱਤੀ ਜਾਂਦੀ ਹੈ।
- ਆਰਭਿੰਕ ਪੂੰਜੀ ਦੇ ਲਾਭਪਾਤਰੀਆਂ ਨੂੰ 8 ਘੰਟੇ (ਇੱਕ ਦਿਨ) ਦੀ ਸਿਖਲਾਈ ਦਿੱਤੀ ਜਾਂਦੀ ਹੈ। ਸਿਖਿਆਰਥੀਆਂ ਨੂੰ ਮਾਣਭੱਤਾ ਅਤੇ TA/DA ਦਿੱਤਾ ਜਾਂਦਾ ਹੈ।
- ਕ੍ਰੈਡਿਟ ਲਿੰਕਡ ਕੈਪੀਟਲ ਸਬਸਿਡੀ ਦੇ ਲਾਭਪਾਤਰੀਆਂ ਨੂੰ 24 ਘੰਟੇ (ਤਿੰਨ ਦਿਨ) ਦੀ ਸਿਖਲਾਈ ਦਿੱਤੀ ਜਾਂਦੀ ਹੈ ਅਤੇ ਸਿਖਿਆਰਥੀਆਂ ਨੂੰ ਮਾਣਭੱਤਾ ਅਤੇ TA/ DA ਦਿੱਤਾ ਜਾਂਦਾ ਹੈ।
- ਜਿਹਨਾਂ ਵਿਅਕਤੀਗਤ ਉਦਮੀਆਂ/ ਇਕਾਈਆਂ ਦੀ ਕ੍ਰੈਡਿਟ ਲਿੰਕਡ ਕੈਪੀਟਲ ਸਬਸਿਡੀ ਦੀ ਤਜਵੀਜ਼ ਆਨਲਾਈਨ ਪੋਰਟਲ ਰਾਹੀਂ ਬੈਂਕ ਵਿੱਚ ਪਹੁੰਚ ਜਾਂਦੀ ਹੈ, ਉਹ EDP & Food Processing ਸਬੰਧੀ ਸਿਖਲਾਈ ਲੈਣ ਲਈ ਯੋਗ ਹੋ ਜਾਂਦੇ ਹਨ।

## ਪ੍ਰਾਪਤੀਆਂ (As on 09.02.2023)

| Sr. No. | Component | No. of Beneficiaries | Total Investment (Rs. in Cr.) | Total Subsidy (Rs. in Cr.) |
|---|---|---|---|---|
| 1. | Individual Enterprises | 836 | 316.08 | 69.68 |
| 2. | Common Infrastructure (FPC/SHG/Cooperatives/ Govt. Agencies) | 4 | 7.50 | 4.75 |
| 3. | Seed Capital | 499 | – | 1.72 |

## ਦਿਸ਼ਾ ਨਿਰਦੇਸ਼ ਅਤੇ ਸੰਪਰਕ

ਸਕੀਮ ਦੇ ਵਿਸਥਾਰ ਦਿਸ਼ਾ ਨਿਰਦੇਸ਼ ਪੰਜਾਬ ਐਗਰੋ ਦੀ ਵੈਬਸਾਈਟ pmfme.punjabagro.gov.in ਤੇ ਦੇਖੇ ਜਾ ਸਕਦੇ ਹਨ। ਵਿਅਕਤੀਗਤ ਉੱਦਮੀ ਅਤੇ ਸਮੂਹ ਸਕੀਮ ਬਾਰੇ ਰਾਜ ਦੀ ਸਟੇਟ ਨੋਡਲ ਏਜੰਸੀ (ਪੰਜਾਬ ਐਗਰੋ) ਨਾਲ ਸੰਪਰਕ ਕਰ ਸਕਦੇ ਹਨ।

## ਸੰਪਰਕ ਨੰਬਰ

0172 2650107, 7719597922, 8427002280

## Application Registration QR Code

## ਜ਼ਿਲ੍ਹਾ ਸਰੋਤ ਵਿਅਕਤੀ QR Code

सत्यमेव जयते
Goverment Of India

MOFPI
MINISTRY OF FOOD PROCESSING INDUSTRIES
GOVERNMENT OF INDIA